**ਜਿਲ੍ਹਾ ਮਾਈਨਿੰਗ ਅਫਸਰ, ਲੁਧਿਆਣਾ ਵੱਲੋ ਪਿੰਡ ਮਾਣੇਵਾਲ, ਤਲਵੰਡੀ ਨੌਅਬਾਦ ਅਤੇ ਵਲੀਪੁਰ ਤਹਿਸੀਲ ਜਗਰਾਉ, ਜਿਲ੍ਹਾ ਲੁਧਿਆਣਾ, ਪੰਜਾਬ ਵਿਖੇ 32.96 ਹੈਕਟੇਅਰ ਰਕਬੇ ਵਿੱਚੋ 4,32,690 ਟਨ ਪ੍ਰਤੀ ਸਾਲ ਦੇ ਹਿਸਾਬ ਨਾਲ ਰੇਤ ਮਾਈਨਿੰਗ ਕਰਨ ਲਈ ਲਗਾਈ ਅਰਜੀ ਸਬੰਧੀ ਈ.ਆਈ.ਏ ਨੋਟੀਫਿਕੇਸ਼ਨ ਮਿਤੀ 14.09.2006 ਤਹਿਤ ਵਾਤਾਵਰਣ ਪ੍ਰਵਾਨਗੀ ਪ੍ਰਾਪਤ ਕਰਨ ਲਈ ਹੋਈ ਜਨਤਕ ਸੁਣਵਾਈ ਮਿਤੀ 05-01-2024 ਦੀ ਕਾਰਵਾਈ।**

ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ:

1) ਸ੍ਰੀ ਗੁਰਬੀਰ ਸਿੰਘ ਕੋਹਲੀ,
ਉਪ-ਮੰਡਲ ਮਜਿਸਟ੍ਰੇਟ,
ਜਗਰਾਓ।

2) ਇੰਜੀ: ਗੁਰਮੀਤ ਸਿੰਘ,
ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ —3, ਲੁਧਿਆਣਾ।

3) ਇੰਜੀ: ਰਾਜਪਾਲ ਗਿੱਲ,
ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ —3, ਲੁਧਿਆਣਾ।

ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ —3, ਲੁਧਿਆਣਾ ਨੇ ਸੁਪਰਵਾਈਜ਼ਿੰਗ—ਕਮ—ਪ੍ਰੀਜ਼ਾਈਡਿੰਗ ਅਧਿਕਾਰੀ ਅਤੇ ਨਾਲ ਲੱਗਦੇ ਪਿੰਡਾਂ ਤੋ ਆਏ ਲੋਕਾ ਦਾ ਸਵਾਗਤ ਕੀਤਾ, ਜੋ ਕਿ ਇਸ ਪ੍ਰਜੈਕਟ ਦੀ ਜਨਤਕ ਸੁਣਵਾਈ ਵਿਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਦੱਸਿਆ ਕਿ ਜਿਲ੍ਹਾ ਮਾਈਨਿੰਗ ਅਫਸਰ, ਲੁਧਿਆਣਾ ਦੁਆਰਾ ਪਿੰਡ ਮਾਣੇਵਾਲ, ਤਲਵੰਡੀ ਨੌਅਬਾਦ ਅਤੇ ਵਲੀਪੁਰ ਤਹਿਸੀਲ ਜਗਰਾਉ, ਜਿਲ੍ਹਾ ਲੁਧਿਆਣਾ ਵਿਖੇ ਸਤਲੁਜ਼ ਦਰਿਆ ਵਿੱਚੋਂ ਖੇਤੀ ਨਾਲ ਸਬੰਧਿਤ ਜ਼ਮੀਨ ਵਿੱਚ ਰੇਤੇ ਦੀ ਨਿਕਾਸੀ ਲਈ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ, ਨਵੀਂ ਦਿੱਲੀ ਦੇ ਦਫ਼ਤਰ ਵਿੱਚ ਈ.ਆਈ.ਏ ਨੋਟੀਫਿਕੇਸ਼ਨ ਨੰ. 1533 (ਈ) ਮਿਤੀ 14.09.2006 ਤਹਿਤ ਵਾਤਾਵਰਣ ਪ੍ਰਵਾਨਗੀ ਲਈ ਬਿਨੈ ਪੱਤਰ ਦਾਇਰ ਕੀਤਾ ਹੈ।

ਇਸ ਤੋਂ ਬਾਅਦ, ਉਨ੍ਹਾਂ ਨੇ ਹਰਮਨਪ੍ਰੀਤ ਕੌਰ, ਕੰਨਸਲਟੈਂਟ, ਮੈਸਰਜ਼ ਈਕੋ ਪਰਿਆਵਰਨ ਲੈਬਾਰਟਰੀਜ਼ ਕੰਸਲਟੈਂਟਸ ਪ੍ਰਾਈਵੇਟ ਲਿਮਿਟਡ ਨੂੰ ਪ੍ਰਾਜੈਕਟ ਬਾਰੇ ਸੰਖੇਪ ਜਾਣਕਾਰੀ ਦੇਣ ਦੀ ਬੇਨਤੀ ਕੀਤੀ। ਹਰਮਨਪ੍ਰੀਤ ਕੌਰ, ਕੰਨਸਲਟੈਂਟ, ਨੇ ਤਜ਼ਵੀਜਤ ਪ੍ਰੋਜੈਕਟ ਬਾਰੇ ਹੇਠ ਲਿਖੇ ਅਨੁਸਾਰ ਜਨਤਾ ਨੂੰ ਦੱਸਿਆ:

- ਸਾਈਟ ਦਾ ਕੁੱਲ ਰਕਬਾ 32.96 ਹੈਕਟੇਅਰ ਹੈ ਅਤੇ ਇਸ ਵਿੱਚੋਂ ਪ੍ਰਸਤਾਵਿਤ ਮਾਈਨਿੰਗ ਦਾ ਰਕਬਾ 29.29 ਹੈਕਟੇਅਰ ਹੈ।
- ਰੇਤ ਦੀ ਖੁਦਾਈ ਤਿੰਨ ਸਾਲਾਂ ਤੱਕ ਕੀਤੀ ਜਾਵੇਗੀ ਅਤੇ ਰੇਤ ਦੀ ਖੁਦਾਈ ਦੀ ਸਮਰੱਥਾ 4,32,690 ਟੀ.ਪੀ.ਏ. ਹੋਵੇਗੀ।
- ਈ.ਆਈ.ਏ. ਦੀ ਰਿਪੋਰਟ ਤਿਆਰ ਕਰਨ ਲਈ ਰੈਫ਼ਰੈਂਸ ਦੀਆਂ ਸ਼ਰਤਾਂ (ਟੀ.ਓ.ਆਰ.) SEIAA ਦੇ ਪੱਤਰ ਨੰਬਰ SEIAA/MS/2023/1299 ਮਿਤੀ 13 ਸਤੰਬਰ 2023 ਦੁਆਰਾ ਜਾਰੀ ਕੀਤਾ ਗਿਆ ਸੀ। ਇਹ ਜਨਤਕ ਸੁਣਵਾਈ ਈ.ਆਈ.ਏ. ਨੋਟੀਫਿਕੇਸ਼ਨ, 2006 ਦੀਆ ਹਦਾਇਤਾ ਦੇ ਤਹਿਤ ਕੀਤੀ ਜਾ ਰਹੀ ਹੈ।
- ਕੋਈ ਵਾਈਲਡ ਲਾਈਫ ਸੈਨਚੂਰੀ, ਪੁਰਾਤੱਤਵ ਵਿਭਾਗ ਦੀ ਰੱਖ ਰਖਾਵ ਵਾਲਾ ਸਥਾਨ, ਰਾਖਵਾਂ/ਸੁਰੱਖਿਅਤ ਜੰਗਲ ਅਤੇ ਇਤਿਹਾਸਕ ਮਹੱਤਤਾ ਵਾਲੀ ਜਗ੍ਹਾ ਸਾਈਟ ਦੇ ਨੇੜੇ ਨਹੀ ਆਉਂਦੀ ਹੈ।
- ਮਾਈਨਿੰਗ ਲਈ ਮਸ਼ੀਨਰੀ ਦੀ ਵਰਤੋ ਕੀਤੀ ਜਾਵੇਗੀ ਅਤੇ ਮਾਈਨਿੰਗ ਲਈ 07 ਐਕਸੈਵੇਟਰਾਂ (0.9 $m^3$ ਜਾਂ ਇਸ ਤੋਂ ਵੱਧ ਸਮਰੱਥਾ) ਦੀ ਵਰਤੋਂ ਕੀਤੀ ਜਾਵੇਗੀ। ਨੇੜੇ ਦੇ ਪਿੰਡਾਂ ਤੋਂ 06 ਹੁਨਰਮੰਦ/ਅਰਧ-ਹੁਨਰਮੰਦ/ਅਣ-ਹੁਨਰਮੰਦ ਕਾਮੇ ਰੱਖੇ ਜਾਣਗੇ। ਮਾਈਨਿੰਗ ਸਿਰਫ ਦਿਨ ਵੇਲੇ ਹੀ ਕੀਤੀ ਜਾਵੇਗੀ।
- ਖਣਨ ਕੀਤੀ ਗਈ ਰੇਤ ਦੀ ਢੋਆ ਢੁਆਈ ਲਈ 10 ਟਨ ਸਮਰੱਥਾ ਦੇ 28 ਡੰਪਰਾਂ ਦੀ ਵਰਤੋ ਕੀਤੀ ਜਾਵੇਗੀ। ਆਵਾਜਾਈ ਵਾਲੇ ਰਸਤੇ ਉੱਪਰ ਪਾਣੀ ਦਾ ਛਿੜਕਾਅ ਕੀਤਾ ਜਾਵੇਗਾ ।
- ਪ੍ਰੋਜੈਕਟ ਦੀ ਕੁੱਲ ਲਾਗਤ 18.71 ਕਰੋੜ ਹੈ, ਜਿਸ ਵਿੱਚੋਂ 16.48 ਲੱਖ ਰੁਪਏ ਪ੍ਰੋਜੈਕਟ ਖੇਤਰ ਦੇ ਆਲੇ ਦੁਆਲੇ ਗ੍ਰੀਨ ਬੈਲਟ ਦੇ ਵਿਕਾਸ ਲਈ ਰਾਖਵੇਂ ਰੱਖੇ ਗਏ ਹਨ।
- ਪ੍ਰੋਜੈਕਟ ਵਿੱਚ ਪਾਣੀ ਦੀ ਕੁੱਲ ਲਾਗਤ 2.3 ਕਿਲੋ ਲੀਟਰ ਪ੍ਰਤੀ ਦਿਨ ਹੈ, ਜਿਸ ਵਿੱਚੋਂ 1.2 ਕਿਲੋ ਲੀਟਰ ਪ੍ਰਤੀ ਦਿਨ ਪਾਣੀ ਛਿੜਕਾਅ ਲਈ ਅਤੇ 1.1 ਕਿਲੋ ਲੀਟਰ ਪ੍ਰਤੀ ਦਿਨ ਸਾਈਟ ਉਪਰ ਘਰੇਲੂ ਲੋੜਾਂ ਲਈ ਵਰਤਿਆ ਜਾਵੇਗਾ।
- ਪ੍ਰੋਜੈਕਟ ਦੇ 10 ਕਿਲੋਮੀਟਰ ਖੇਤਰ ਦੇ ਅੰਦਰ ਪੰਜ ਸਥਾਨਾਂ ਤੇ ਹਵਾ ਦੀ ਗੁਣਵੱਤਾ ਦੀ ਚੈਕਿੰਗ ਕੀਤੀ ਗਈ ਹੈ ਜਿਸ ਮੁਤਾਬਿਕ ਪੀਐਮ 10, ਪੀਐਮ 2.5, ਸਲਫਰ ਡਾਈਆਕਸਾਈਡ, ਨਾਈਟਰੋਜਨ ਡਾਈਆਕਸਾਈਡ ਦੀ ਗੁਣਵੱਤਾ ਨਿਰਧਾਰਤ ਮਾਪਦੰਡਾ ਦੇ ਅੰਦਰ ਪਾਈ ਗਈ ਹੈ।
- ਖੇਤਰ ਦੇ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਦਾ ਅਧਿਐਨ ਕੀਤਾ ਗਿਆ ਹੈ ਅਤੇ ਇਸ ਅਧਿਐਨ ਅਨੁਸਾਰ, ਧਰਤੀ ਹੇਠਲੇ ਪਾਣੀ ਵਿੱਚ ਕੋਈ ਧਾਤੂ ਅਤੇ ਬੈਕਟੀਰੀਆ ਦਾ ਪ੍ਰਦੂਸ਼ਣ ਨਹੀ ਪਾਇਆ ਗਿਆ ਹੈ, ਹਾਲਾਂਕਿ, ਸਰਫੇਸ ਪਾਣੀ ਵਿੱਚ ਬੈਕਟੀਰੀਆ ਦਾ ਦੂਸ਼ਣ ਪਾਇਆ ਗਿਆ ਹੈ।

ਇਸ ਤੋਂ ਬਾਅਦ, ਸਹਾਇਕ ਵਾਤਾਵਰਣ ਇੰਜੀਨੀਅਰ ਵੱਲੋਂ ਜਨਤਕ ਸੁਣਵਾਈ ਵਾਲੀ ਥਾਂ ਤੇ ਮੌਜੂਦ ਲੋਕਾਂ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਈ.ਆਈ.ਏ. ਨੋਟੀਫਿਕੇਟ ਦੀ ਮਿਤੀ 14.9.2006 ਦੇ ਅਨੁਸਾਰ ਮੌਜੂਦ ਵਿਅਕਤੀ ਵਾਤਾਵਰਣ ਸਬੰਧੀ ਕੋਈ ਜਾਣਕਾਰੀ ਜਾਂ ਸਪਸ਼ਟੀਕਰਨ ਦੀ ਮੰਗ ਕਰ ਸਕਦੇ ਹਨ। ਉਥੇ ਮੌਜੂਦ ਵਿਅਕਤੀਆਂ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਕਿ ਉਨ੍ਹਾਂ ਦੁਆਰਾ ਮੰਗੀ ਗਈ ਜਾਣਕਾਰੀ ਜਾਂ ਸਪਸ਼ਟੀਕਰਨ ਅਤੇ ਪ੍ਰਾਜੈਕਟ ਪ੍ਰਸਤਾਵਕ ਵੱਲੋਂ ਦਿੱਤੇ ਗਏ ਜ਼ਵਾਬ ਸੁਣਵਾਈ ਦੀ

ਕਾਰਵਾਈ ਵਿੱਚ ਦਰਜ ਕੀਤ ਜਾਵੇਗਾ, ਜਿਸ ਨੂੰ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਮੰਤਰਾਲੇ ਨੂੰ ਭੇਜਿਆ ਜਾਵੇਗਾ। ਸੁਣਵਾਈ ਵਿੱਚ ਮੌਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਉਹ ਇੱਕ –ਇੱਕ ਕਰਕੇ ਪ੍ਰੋਜੈਕਟ ਬਾਰੇ ਵਾਤਾਵਰਣ ਸਬੰਧੀ ਜਾਣਕਾਰੀ ਜਾਂ ਸਪਸ਼ਟੀਕਰਨ ਲੈਣ ਲਈ ਕਿਹਾ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਬੋਰਡ ਕੋਲ ਅਜੇ ਤੱਕ ਪ੍ਰਾਜੈਕਟ ਬਾਰੇ ਕੋਈ ਜਾਣਕਾਰੀ / ਸਪਸ਼ਟੀਕਰਨ / ਟਿਪਣੀਆਂ / ਵਿਚਾਰ / ਸੁਝਾਅ / ਇਤਰਾਜ਼ ਜਨਤਾ ਪਾਸੋਂ ਪ੍ਰਾਪਤ ਨਹੀਂ ਹੋਏ ਹਨ।

ਇਸ ਤੋਂ ਬਾਅਦ, ਸੁਣਵਾਈ ਦੇ ਸਥਾਨ ਤੇ ਮੌਜੂਦ ਵਿਅਕਤੀਆਂ ਦੁਆਰਾ ਮੰਗੀ ਗਈ ਜਾਣਕਾਰੀ / ਸਪਸ਼ਟੀਕਰਨ ਦਾ ਵੇਰਵਾ ਅਤੇ ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਦਿੱਤਾ ਜਵਾਬ ਇਸ ਪ੍ਰਕਾਰ ਹੈ:

1. **ਸ੍ਰੀ ਜੋਗਿੰਦਰ ਸਿੰਘ ਪੁੱਤਰ ਸ੍ਰੀ ਸੈਆ ਸਿੰਘ, ਵਾਸੀ ਪਿੰਡ ਵਾਲੀਪੁਰ ਖੁਰਦ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ।**

**ਸਵਾਲ:**

ਟਿੱਪਰਾਂ ਦੀ ਬਜਾਏ ਟਰੈਕਟਰ ਅਤੇ ਟਰਾਲੀ ਦੀ ਵਰਤੋਂ ਕੀਤੀ ਜਾਵੇ ਜਿਸ ਹੋਰ ਰੁਜ਼ਗਾਰ ਪੈਦਾ ਹੋਵੇਗਾ।

**ਜਵਾਬ:**

ਸੁਝਾਅ ਹੋਣ ਕਾਰਨ ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ।

2. **ਸ੍ਰੀ ਜਗਰੂਪ ਸਿੰਘ ਪੁੱਤਰ ਸ੍ਰੀ ਹਰਭਜਨ ਸਿੰਘ ਵਾਸੀ ਪਿੰਡ ਵਾਲੀਪੁਰ ਖੁਰਦ, ਤਹਿਸੀਲ ਜਗਰਾਓ, ਜ਼ਿਲ੍ਹਾ ਲੁਧਿਆਣਾ।**

**ਸਵਾਲ:**

ਈਸਟ ਸਾਈਡ ਵੱਲ ਵਹਾਅ ਜ਼ਿਆਦਾ ਹੈ। 2019 ਤੋਂ ਬੰਨ ਦੀ ਰਿਪੇਅਰ ਹੋ ਰਹੀ ਹੈ। ਪਾਣੀ ਇਸ ਸਾਈਡ ਜ਼ੋਰ ਪਾ ਰਿਹਾ ਹੈ, ਰੇਤਾ ਚੁੱਕੀ ਗਈ ਤਾਂ ਪਿੰਡ ਡੁੱਬ ਜਾਵੇਗਾ। 25 ਪਿੰਡ ਡੁੱਬ ਸਕਦੇ ਹਨ ਫਿਰ ਕੋਈ ਮੁਆਵਜ਼ਾ ਨਹੀਂ ਮਿਲਦਾ।

**ਸ਼੍ਰੀ ਹਰਜਿੰਦਰ ਸਿੰਘ, ਜ਼ਿਲ੍ਹਾ ਮਾਈਨਿੰਗ ਅਫਸਰ ਦਾ ਜਵਾਬ:**

ਦਰਿਆ ਦੇ ਬੰਨ੍ਹ ਤੋਂ 100 ਮੀਟਰ ਛੱਡ ਕੇ ਮਾਈਨਿੰਗ ਹੋਵੇਗੀ। ਜੇਕਰ ਇਸ ਸਾਈਡ ਪਾਣੀ ਹੈ ਤਾਂ ਮਾਈਨਿੰਹ ਨਹੀਂ ਹੋਵੇਗੀ। ਖੱਡ ਨੂੰ 04 ਰਸਤੇ ਲਗਾਏ ਹਨ। ਜੇਕਰ ਇਸ ਸਾਈਡ ਪਾਣੀ ਹੋਵੇਗਾ ਤਾਂ ਮਾਈਨਿੰਗ ਜਲੰਧਰ ਸਾਈਡ ਹੋਵੇਗੀ। ਰੇਤਾ ਚੱਕਾਂਗੇ ਤਾਂ ਪਾਣੀ ਦਾ ਵਹਾਅ ਸਿੱਧਾ ਹੋਵੇਗਾ। ਦਰਿਆ ਦੀ ਸੇਫਟੀ ਦਾ ਖਿਆਲ ਰੱਖਿਆ ਜਾਵੇਗਾ।

3. **ਸ੍ਰੀ ਛਿੰਦਰਪਾਲ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ, ਵਾਸੀ ਪਿੰਡ ਵਾਲੀਪੁਰ ਕਲਾਂ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਪਾਣੀ ਦਾ ਵਹਾਅ 60-70 ਫੁੱਟ ਡੂੰਘਾ ਹੈ। ਪਾਣੀ ਤੇ ਪਿੰਡ ਮਾਨੇਵਾਲ ਕੋਲ ਜਿੱਥੋਂ ਦਿੱਲੀ ਕਟੜਾ ਹਾਈਵੇਅ ਲੰਘ ਰਿਹਾ ਹੈ ਉਥੇ ਬੰਨ੍ਹ ਮਾਰ ਕੇ ਪਾਣੀ ਮਰੋ ਮੋੜਿਆ ਜਾਵੇਗਾ। ਪਾਣੀ ਬੰਦ ਹੋਣ ਤੋਂ

ਬਾਅਦ ਵਿਚਾਲੇ ਪਾਣੀ ਰੇਤਾ ਦੀ ਮਾਈਨਿੰਗ ਕੀਤੀ ਜਾਵੇਗੀ। ਜੇਕਰ ਇਸ ਤਰ੍ਹਾਂ ਕੰਮ ਹੁੰਦਾ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ। ਜੇਕਰ ਤਿੰਨਾਂ ਪਿੰਡਾਂ ਦੀ ਸਹਿਮਤੀ ਨਾਲ ਜਲੰਧਰ ਸਾਈਡ ਤੋਂ ਰੇਤਾ ਚਕਿਆ ਹੈ ਤਾਂ ਇਸ ਨਾਲ ਬਚਾਅ ਹੈ ਨਾਲੇ ਰੋਜ਼ਗਾਰ ਵੱਧਦਾ ਹੈ। ਕੋਈ ਇਤਰਾਜ਼ ਨਹੀਂ ਹੈ ਜੇਕਰ ਪਾਣੀ ਪਰੇ ਮੋੜਦੇ ਹਾਂ।

**ਸ਼੍ਰੀ ਹਰਜਿੰਦਰ ਸਿੰਘ, ਜ਼ਿਲ੍ਹਾ ਮਾਈਨਿੰਗ ਅਫਸਰ ਦਾ ਜਵਾਬ:**

ਕੁਦਰਤੀ ਵਹਾਅ ਨਾਲ ਛੇੜ-ਛਾੜ ਨਹੀਂ ਕਰ ਸਕਦੇ, ਜੇਕਰ ਪਾਣੀ ਆਪਣੇ ਆਪ ਵਹਾਅ ਬਦਲ ਰਿਹਾ ਹੈ ਤਾਂ ਇਹ ਠੀਕ ਹੈ ਬੰਨ੍ਹ ਮਾਰਕੇ ਪਾਣੀ ਦਾ ਵਹਾਅ ਨਹੀਂ ਬਦਲ ਸਕਦੇ।

4. **ਸ਼੍ਰੀ ਅਮਰੀਕ ਸਿੰਘ ਪੁੱਤਰ ਮੱਖਣ ਸਿੰਘ, ਵਾਸੀ ਪਿੰਡ ਤਲਵੰਡੀ ਨੌਅਬਾਦ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਕੋਈ ਇਤਰਾਜ਼ ਨਹੀਂ ਹੈ ਅਤੇ ਸਾਰੀ ਲੇਬਰ ਸਹਿਮਤ ਹੈ।

**ਜਵਾਬ:**

ਸਹਿਮਤੀ ਹੋਣ ਕਾਰਨ ਜਵਾਬ ਨਹੀਂ ਦਿੱਤਾ ਗਿਆ ।

5. **ਸ਼੍ਰੀ ਹਰਚਰਨ ਸਿੰਘ ਪੁੱਤਰ ਲਾਲ ਸਿੰਘ, ਵਾਸੀ ਪਿੰਡ ਵਲੀਪੁਰ ਖੁਰਦ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਉਰਲੇ ਪਾਸੇ ਤੋਂ ਰੇਤਾ ਚੱਕਣ ਨਾਲ ਉਰਲੇ ਸਾਈਡ ਆਇਆ । ਜੇਕਰ ਪਰਲੀ ਸਾਈਡ ਤੋਂ ਰੇਤਾ ਨਾ ਚੱਕਿਆ ਗਿਆ ਤਾਂ ਪਾਣੀ ਇਧਰ ਹੀ ਆਵੇਗਾ। ਰੇਤਾ ਚੱਕ ਕੇ ਹੀ ਪਾਣੀ ਪਰੇ ਜਾਵੇਗਾ ।

**ਜਵਾਬ:**

ਸੁਝਾਅ ਹੋਣ ਕਰਕੇ ਨੋਟ ਕਰ ਲਿਆ ਹੈ ।

6. **ਸ਼੍ਰੀ ਰਣਜੀਤ ਸਿੰਘ ਪੁੱਤਰ ਸ਼੍ਰੀ ਬਲਵੰਤ ਸਿੰਘ, ਵਾਸੀ ਪਿੰਡ ਵਲੀਪੁਰ ਖੁਰਦ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਸਾਡੇ ਪਿੰਡ ਸੀਵਰ ਪਿਆ ਹੋਇਆ ਹੈ, ਬੇਨਤੀ ਹੈ ਕਿ ਸਾਡੇ ਪਿੰਡ ਵਿੱਚ ਦੀ ਟਰਾਲੀ ਨਾ ਲੰਘਣ।

**ਜਵਾਬ ਵੱਲੋਂ ਉਪ-ਮੰਡਲ ਮੈਜਿਸਟ੍ਰੇਟ ਜਗਰਾਓ:**

ਨੋਟ ਕਰ ਲਿਆ ਹੈ ।

7. **ਸ਼੍ਰੀ ਇਕਬਾਲ ਸਿੰਘ ਪੁੱਤਰ ਸੁਖਦੇਵ ਸਿੰਘ, ਵਾਸੀ ਪਿੰਡ ਭੂੰਦੜੀ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਅਸੀ ਰੇਤ ਚਕਾਉਣ ਲਈ ਬੇਨਤੀ ਪੱਤਰ ਦਿੱਤਾ ਤਾਂ ਜੋ ਲੋਕਲ ਲੋਕਾਂ ਨੂੰ ਰੁਜ਼ਗਾਰ ਮਿਲੇ। ਇਹ ਮਨਮਾਨੀ ਨਾਲ ਪ੍ਰਾਈਵੇਟ ਹੱਥਾਂ ਵਿੱਚ ਖੱਡ ਦਿੱਤੀ ਗਈ ਹੈ। ਆਪ ਜੀ ਨੂੰ ਬੇਨਤੀ ਹੈ ਕਿ ਖੱਡ ਨੂੰ ਸਰਕਾਰੀ ਬਣਾਇਆ ਜਾਵੇ ਤੇ ਕਾਰਪੋਰੇਟ ਘਰਾ ਨੂੰ ਨਾ ਦਿੱਤਾ ਜਾਵੇ। ਮੇਰੇ ਖੇਤ ਵਿੱਚ ਖੱਡ ਚੱਲ ਰਹੀ ਹੈ। ਕੀ ਖੱਡ ਦੀ ਪੀ.ਪੀ.ਸੀ.ਬੀ. ਤੋਂ ਮੰਨਜੂਰੀ ਲਈ ਹੈ। 05-09 ਨਵੰਬਰ ਤੱਕ ਨਾਜਾਇਜ਼ ਮਾਈਨਿੰਗ ਹੋਈ ਹੈ।

**ਸ਼ੀ ਹਰਜਿੰਦਰ ਸਿੰਘ, ਜ਼ਿਲ੍ਹਾ ਮਾਈਨਿੰਗ ਅਫਸਰ ਦਾ ਜਵਾਬ:**

ਪੀ.ਪੀ.ਸੀ.ਬੀ. ਤੋਂ ਕੰਨਸੈਂਟ ਲੈ ਕੇ ਹੀ ਖੱਡ ਚੱਲਾਈ ਗਈ ਹੈ। ਤਿੰਨ ਮਹੀਨੇ ਬਾਅਦ ਕਿਸਾਨ ਨੂੰ ਬਣਦਾ ਮਾਲਕਾਣ ਦਿੱਤਾ ਜਾਵੇਗਾ। ਇਹ ਖੱਡ ਸਿਰਫ 04 ਦਿਨ ਚਲੀ ਸੀ ਜੋ ਕਿ ਹੁਣ ਬੰਦ ਹੋ ਗਈ ਹੈ। ਜਦੋਂ ਤਿੰਨ ਮਹੀਨੇ ਦਾ ਸਮਾਂ ਹੋ ਗਿਆ ਤਾਂ ਮਾਲਕ ਕਿਸਾਨ ਨੂੰ ਮਾਲਕਾਨਾ ਦਿੱਤਾ ਜਾਵੇਗਾ।

8. **ਸ਼੍ਰੀ ਜੰਗੀਰ ਸਿੰਘ, ਸਰਪੰਚ ਵਲੀਪੁਰ ਕਲਾਂ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਕੋਈ ਨਿਸ਼ਾਨਦੇਹੀ ਨਹੀਂ ਹੋਈ। ਸਾਡੇ ਪਿੰਡ ਦੀ ਲਗਭਗ 45 ਏਕੜ ਪੰਚਾਇਤੀ ਜ਼ਮੀਨ ਰੇਤਾ ਖੱਡ ਦੇ ਅੰਦਰ ਹੈ। ਵਿਭਾਗ ਤੋਂ ਵਾਰ-ਵਾਰ ਪੁੱਛਿਆ ਗਿਆ ਕਿ ਖਸਰਾ ਨੰਬਰਾਂ ਬਾਰੇ ਦੱਸਿਆ ਜਾਵੇ ਤੇ ਨਿਸ਼ਾਨਦੇਹੀ ਲਈ ਜਾਵੇ। ਅੱਜ ਤੱਕ ਨਿਸ਼ਾਨਦੇਹੀ ਨਹੀਂ ਹੋਈ ਹੈ ਅਤੇ ਆਪਣੀ ਮਰਜ਼ੀ ਨਾਲ ਝੰਡੀਆਂ ਤੇ ਬੁਰਜੀਆਂ ਲਾ ਦਿੱਤੀਆ ਗਈਆਂ। ਗ੍ਰਾਮ ਪੰਚਾਇਤ ਦੀ ਜ਼ਮੀਨ ਵਿੱਚੋਂ ਮਾਈਨਿੰਗ ਹੋਵੇਗੀ। ਇਸ ਦਾ ਗ੍ਰਾਮ ਪੰਚਾਇਤ ਨੂੰ ਕੀ ਦਿੱਤਾ ਜਾਣਾ। ਨਿਸ਼ਾਨਦੇਹੀ ਟਾਈਮ ਪੰਚ, ਸਰਪੰਚ, ਨੰਬਰਦਾਰ ਨੂੰ ਬੁਲਾ ਲਿਆ ਜਾਵੇ। ਟਿਪਰਾ ਦੇ ਚੱਲਣ ਨਾਲ ਸਾਡੇ ਪਿੰਡ ਦਾ ਸੀਵਰ ਟੁੱਟ ਸਕਦਾ ਹੈ।

**ਸ਼ੀ ਹਰਜਿੰਦਰ ਸਿੰਘ, ਜ਼ਿਲ੍ਹਾ ਮਾਈਨਿੰਗ ਅਫਸਰ, ਸ਼੍ਰੀ ਸੁਖਵਿੰਦਰ ਸਿੰਘ, ਪਟਵਾਰੀ ਅਤੇ ਉਪ-ਮੰਡਲ ਮੈਜਿਸਟ੍ਰੇਟ ਜੀ ਦਾ ਜਵਾਬ ਦਾ ਜਵਾਬ:**

13-03-2020 ਨੂੰ ਨਿਸ਼ਾਨਦੇਹੀ ਹੋਈ ਸੀ ਉਸਤੋਂ ਬਾਅਦ ਸਰਵੇ ਕਰਕੇ ਰਿਪੋਰਟ ਤਿਆਰ ਹੋਈ ਹੈ ਜਿਹੜੇ ਖਸਰਾ ਨੰਬਰ ਇਸ ਵਿੱਚ ਸ਼ਾਮਿਲ ਹਨ। ਉਹ ਮਾਈਨਿੰਗ ਪਲਾਨ ਵਿੱਚ ਲਿਖੇ ਹੋਏ ਹਨ। ਨਿਸ਼ਾਨਦੇਹੀ ਤੋਂ ਬਾਅਦ ਹੀ ਕੰਮ ਸ਼ੁਰੂ ਹੋਇਆ।

ਸ਼੍ਰੀ ਸੁਖਵਿੰਦਰ ਸਿੰਘ, ਪਟਵਾਰੀ ਨੇ ਦੱਸਿਆ ਕਿ ਨਿਸ਼ਾਨਦੇਹੀ ਹੜ੍ਹ ਤੋਂ ਪਹਿਲਾਂ ਹੋਈ ਸੀ ਫਿਰ ਹੜ੍ਹ ਆ ਗਿਆ ਤਾਂ ਲੋਕਾਂ ਨੂੰ ਇਤਰਾਜ਼ ਹੈ ਕਿ ਦੁਬਾਰਾ ਨਿਸ਼ਾਨਦੇਹੀ ਕਿਉਂ ਨਹੀਂ ਹੋਈ।

ਸ਼ੀ ਹਰਜਿੰਦਰ ਸਿੰਘ, ਮਾਈਨਿੰਗ ਅਫਸਰ ਨੇ ਦੱਸਿਆ ਕਿ ਕੋਆਰਡੀਨੇਟ ਪਿਛਲੀ ਨਿਸ਼ਾਨਦੇਹੀ ਵੇਲੇ ਨੋਟ ਕਰ ਲਏ ਸੀ ਤੇ ਏਰੀਆ ਕੈਲਕੁਲੇਟ ਕਰ ਲਿਆ ਸੀ। ਹੜ੍ਹ ਨਾਲ ਕੋਆਰਡੀਨੇਟਸ ਨਹੀਂ ਬਦਲਦੇ। ਜਿੱਥੇ ਪਾਣੀ ਚਲਦਾ ਉਥੇ ਮਾਈਨਿੰਗ ਨਹੀਂ ਹੋਵੇਗੀ। ਵਾਰ-ਵਾਰ ਨਿਸ਼ਾਨਦੇਹੀ ਦੀ ਲੋੜ ਨਹੀਂ ਹੈ। ਜਦੋਂ ਦੁਬਾਰਾ ਕੰਮ ਸ਼ੁਰੂ ਹੋਵੇਗਾ ਬਕਾਇਦਾ ਝੰਡੀਆਂ ਲਗਣ ਤੋਂ ਬਾਅਦ ਸ਼ੁਰੂ ਹੋਵੇਗਾ। 02 ਰੁਪਏ ਫੁੱਟ ਮਾਲਕਾਣਾ ਦਿੱਤਾ ਜਾਵੇਗਾ।

ਉਪ-ਮੰਡਲ ਮੈਜਿਸਟ੍ਰੇਟ, ਜਗਰਾਓ ਵੱਲੋ ਦੱਸਿਆ ਗਿਆ ਕਿ ਨਿਸ਼ਾਨਦੇਹੀ ਡੀ.ਜੀ.ਪੀ.ਐਸ. ਰਾਹੀਂ ਹੁੰਦੀ ਹੈ ਇੱਥੇ ਜ਼ਰੀਬ ਨਹੀਂ ਵੱਜਦੀ। ਇਹਨਾਂ ਨੇ ਨਿਸ਼ਾਨਦੇਹੀ ਕਰਵਾਈ ਹੋਈ ਹੈ ਅਤੇ ਕੋਆਰਡੀਨੇਟਸ ਨੋਟ ਕੀਤੇ ਹੋਏ ਹਨ। ਕੋਆਰਡੀਨੇਟਸ ਫਿਕਸ ਹੁੰਦੇ ਹਨ ਜੋ ਕਦੇ ਹਿਲਦੇ ਨਹੀਂ। ਤੁਹਾਨੂੰ ਸੰਤੁਸ਼ਟ ਕਰਵਾ ਕੇ ਹੀ ਕੰਮ ਸ਼ੁਰੂ ਕੀਤਾ ਜਾਵੇਗਾ।

9. **ਸ਼੍ਰੀ ਕੁਲਵੰਤ ਸਿੰਘ, ਵਾਸੀ ਪਿੰਡ ਵਲੀਪੁਰ ਕਲਾਂ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਸੀਵਰੇਜ਼ ਦਾ ਨੁਕਸਾਨ ਤਾਂ ਹੋਵੇਗਾ ਹੀ, ਬੱਚਿਆਂ, ਬਜ਼ੁਰਗਾਂ ਨਾਲ ਹਾਦਸਾ ਹੋਣ ਦਾ ਮੌਕਾ ਵੀ ਬਣਦਾ ਹੈ। ਟਿੱਪਰਾਂ ਕਾਰਨ ਸਕੂਲ ਵੈਨਾਂ ਲੇਟ ਹੁੰਦੀਆ ਹਨ।

**ਜਵਾਬ:**

ਸੁਆਲ ਦੁਬਾਰਾ ਪੁਛਿਆ ਗਿਆ ਹੋਣ ਕਰਕੇ ਜਵਾਬ ਨਹੀ ਦਿੱਤਾ ਗਿਆ।

10. **ਸ਼੍ਰੀ ਮੰਗਤ ਸਿੰਘ ਪੁੱਤਰ ਸ਼੍ਰੀ ਜੱਗਾ ਸਿੰਘ, ਵਾਸੀ ਪਿੰਡ ਤਲਵੰਡੀ ਨੌਅਬਾਦ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

**ਸਵਾਲ:**

ਅਸੀਂ ਬੀ.ਡੀ.ਪੀ.ਓ. ਸਾਹਿਬ ਨੂੰ ਲਿਖਤੀ ਦਿੱਤਾ ਸੀ ਕਿ ਸਾਡੇ ਪਿੰਡ ਦੀ 86 ਏਕੜ ਜ਼ਮੀਨ ਬੰਨ੍ਹ ਤੋਂ ਅੰਦਰ ਪਈ ਹੈ ਜੋ ਕਿ ਮਾਈਨਿੰਗ ਲਈ ਸਰਕਾਰ ਨੂੰ ਦਿੱਤੀ ਹੈ। 112 ਕਿਲ੍ਹੇ ਪੰਚਾਇਤੀ ਜ਼ਮੀਨ ਹੈ ਜਿਸ ਵਿੱਚ 33 ਕਿਲ੍ਹੇ 02 ਕਨਾਲ 16 ਮਰਲੇ ਹੀ ਵਾਹੀ ਯੋਗ ਹੈ ਜਿਹੜੀ ਬਾਕੀ 86 ਏਕੜ ਸਰਕਾਰ ਨੂੰ ਮਾਈਨਿੰਗ ਲਈ ਦਿੱਤੀ ਤਾਂ ਜੋ ਪਿੰਡ ਵਿੱਚ ਰੁਜ਼ਗਾਰ ਪੈਦਾ ਹੋ ਸਕੇ। ਸਾਡੀ ਖੱਡ ਚਲਾਈ ਜਾਵੇ।

**ਸ਼੍ਰੀ ਹਰਜਿੰਦਰ ਸਿੰਘ, ਜ਼ਿਲ੍ਹਾ ਮਾਈਨਿੰਗ ਅਫਸਰ ਦਾ ਜਵਾਬ:**

ਸਾਰਾ 86 ਏਕੜ ਮਾਈਨਿੰਗ ਪਲਾਨ ਵਿੱਚ ਨਹੀਂ ਹੈ ਜਿੰਨਾਂ ਪਲਾਨ ਵਿੱਚ ਹੈ ਉਸ ਵਿੱਚ ਹੀ ਮਾਈਨਿੰਗ ਹੋਵੇਗੀ ।

11. **ਸ਼੍ਰੀ ਛਿੰਦਰਪਾਲ ਸਿੰਘ ਪੁੱਤਰ ਸ਼੍ਰੀ ਜੋਗਿੰਦਰ ਸਿੰਘ, ਵਾਸੀ ਪਿੰਡ ਵਾਲੀਪੁਰ ਕਲਾਂ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।**

ਤਿੰਨਾਂ ਪਿੰਡਾਂ ਵਿੱਚ 600 ਬੇਰੁਜ਼ਗਾਰ ਹਨ। ਜੇਕਰ ਉਹਨਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ ਤਾਂ ਬਿਹਤਰ ਹੋਵੇਗਾ।

**ਜਵਾਬ:**

ਸੁਝਾਅ ਹੋਣ ਕਰਕੇ ਨੋਟ ਕਰ ਲਿਆ ਹੈ ।

12.ਸ਼੍ਰੀ ਵਜੀਰ ਸਿੰਘ ਪੁੱਤਰ ਸ਼੍ਰੀ ਕੋਟ ਉਮਰਾ, ਵਾਸੀ ਪਿੰਡ ਤਲਵੰਡੀ ਨੌਅਬਾਦ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।

**ਸਵਾਲ:**

ਪਟਵਾਰੀ ਸਾਹਿਬ ਕੰਮ ਨਹੀਂ ਕਰਦੇ।

**ਉਪ-ਮੰਡਲ ਮੈਜਿਸਟ੍ਰੇਟ ਜੀ ਦਾ ਜਵਾਬ:**

ਤੁਸੀਂ ਕੱਲ ਤਹਿਸੀਲਦਾਰ ਸਾਹਿਬ ਨੂੰ ਮਿਲ ਲੈਣਾ । ਇਹ ਮੀਟਿੰਗ ਮਾਈਨਿੰਗ ਨਾਲ ਸੰਬੰਧਤ ਹੈ ਅਤੇ ਉਸ ਬਾਰੇ ਹੀ ਗੱਲ ਕੀਤੀ ਜਾਵੇ।

13.ਸ਼੍ਰੀ ਸਵਰਨ ਸਿੰਘ ਪੁੱਤਰ ਸ਼੍ਰੀ ਬੰਤ ਸਿੰਘ, ਵਾਸੀ ਪਿੰਡ ਤਲਵੰਡੀ ਨੌਅਬਾਦ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।

**ਸਵਾਲ:**

ਮਾਈਨਿੰਗ ਨਾਲ ਦਰਿਆ ਦਾ ਵਹਾਅ ਸੈਂਟਰ ਵਿੱਚ ਚਲਾ ਜਾਵੇਗਾ। ਇਸ ਨਾਲ ਫਾਇਦਾ ਹੋਵੇਗਾ। ਇਸ ਮੈਨੂਅਲ ਖੱਡ ਹੈ ਤੇ ਇਹ ਮੈਨੂਅਲ ਹੀ ਚੱਲਣਾ ਚਾਹੀਦਾ ਹੈ। ਰਸਤੇ 02 ਕਰਮ ਦੇ ਹਨ ਇਸ ਉਪਰ ਆਥੋਰਾਈਜ਼ਡ ਟਿੱਪਰਾ ਦੀ ਚੌੜਾਈ ਦੱਸੀ ਜਾਵੇ। ਰੂਟ ਪਲੈਨ ਦਿੱਤਾ ਜਾਵੇ।

**ਕੰਨਸਲਟੈਂਟ ਅਤੇ ਸ਼ੀ ਹਰਜਿੰਦਰ ਸਿੰਘ, ਜ਼ਿਲ੍ਹਾ ਮਾਈਨਿੰਗ ਅਫਸਰ ਦਾ ਜਵਾਬ:**

10 ਟਨ ਦਾ ਟਿੱਪਰ ਹੀ ਅਲਾਊਡ ਹੈ। ਮਾਇਨਿੰਗ ਅਫਸਰ ਨੇ ਦੱਸਿਆ ਕਿ 10 ਟਨ ਤੋਂ ਵੱਧ ਟਿੱਪਰ ਨਹੀਂ ਲਿਜਾਇਆ ਜਾਵੇਗਾ ਅਤੇ ਸੰਬੰਧਿਤ ਵਿਭਾਗ ਤੋਂ ਮੰਨਜ਼ੂਰੀ ਲਈ ਜਾਵੇਗੀ।

ਉਪ-ਮੰਡਲ ਮੈਜਿਸਟ੍ਰੇਟ ਵੱਲੋ ਮਾਇਨਿੰਗ ਅਫਸਰ ਨੂੰ ਕਿਹਾ ਗਿਆ ਕਿ ਰੂਟ ਪਲਾਨ ਮੁਹੱਈਆ ਕਰਵਾਇਆ ਜਾਵੇ।

14.ਸ਼੍ਰੀ ਜਸਵਿੰਦਰ ਸਿੰਘ ਪੁੱਤਰ ਸ਼੍ਰੀ ਹਰਬੰਸ ਸਿੰਘ, ਵਾਸੀ ਪਿੰਡ ਤਲਵੰਡੀ ਨੌਅਬਾਦ, ਤਹਿਸੀਲ ਜਗਰਾਓ, ਜਿਲ੍ਹਾ ਲੁਧਿਆਣਾ।

**ਸਵਾਲ:**

ਨਜ਼ਾਇਜ਼ ਮਾਈਨਿੰਗ ਦਾ ਖਦਸ਼ਾ ਹੈ। ਤਹਿ ਡੂੰਘਾਈ ਤੋਂ ਜ਼ਿਆਦਾ ਮਾਈਨਿੰਗ ਹੋਵੇਗੀ। ਤਿੰਨ ਸਾਲ ਮਾਈਨਿੰਗ ਨਾਲ ਸੜਕਾਂ ਟੁੱਟ ਜਾਣਗੀਆਂ।

**ਕੰਨਸਲਟੈਂਟ ਦਾ ਜਵਾਬ:**

ਜਿਹੜੀ ਵੀ ਮਾਈਨਿੰਗ ਹੋਵੇਗੀ, ਉਹਦੀਆਂ ਪਰਚੀਆਂ ਤੇ ਪੂਰੀ ਡਿਟੇਲ ਸਮੇਤ ਫੋਟੋ ਹਰ 06 ਮਹੀਨੇ ਬਾਅਦ ਸਰਕਾਰ ਨੂੰ ਦਿੱਤੀ ਜਾਵੇਗੀ। ਅਜਿਹਾ ਨਹੀਂ ਹੈ ਕਿ ਮਾਈਨਿੰਗ ਉਪਰ ਕਿਸੇ ਵੀ ਨਿਗਰਾਨੀ ਨਹੀਂ ਹੈ। ਮਾਰਚ ਦੇ ਅਖੀਰ ਅਤੇ ਸਤੰਬਰ ਦੇ ਅਖੀਰ ਵਿੱਚ ਰਿਪੋਰਟ ਸਰਕਾਰ ਨੂੰ ਦਿੱਤੀ ਜਾਵੇਗੀ। ਨਜ਼ਾਇਜ਼ ਮਾਈਨਿੰਗ ਸੰਭਵ ਨਹੀਂ ਹੈ। ਇਹ ਸਰਕਾਰ ਨੇ ਇਸੇ ਲਈ ਮਾਈਨਿੰਗ ਆਪਣੇ ਹੱਥ ਵਿੱਚ ਲਈ ਹੈ।

ਇਸ ਤੋ ਬਾਅਦ ਉਪ-ਮੰਡਲ ਮੈਜਿਸਟ੍ਰੇਟ, ਜਗਰਾਓ ਜੀ ਵੱਲੋ ਦੱਸਿਆ ਗਿਆ ਕਿ ਜੋ ਵੀ ਰਿਪੋਰਟ ਜਮ੍ਹਾਂ ਹੁੰਦੀ ਹੈ ਉਹ ਵਿਭਾਗ ਕੋਲ ਜਮ੍ਹਾਂ ਹੁੰਦੀ ਹੈ। ਵਿਭਾਗ ਉਸਨੂੰ ਕਰੋਸ ਚੈੱਕ ਕਰਕੇ ਹੀ ਅੱਗੇ ਭੇਜੇਗਾ। ਮੋਨੀਟਰਿੰਗ ਕਰਨ ਸਰਕਾਰ ਦਾ ਹੀ ਕੰਮ ਹੈ। ਅੱਜ ਕੱਲ੍ਹ ਲੋਕ ਵੀ

ਸਤਰਕ ਹੀ ਹਨ ਜੇਕਰ ਨਜ਼ਾਇਜ਼ ਮਾਈਨਿੰਗ ਹੁੰਦੀ ਹੈ ਤਾਂ ਤੁਰੰਤ ਸਾਨੂੰ ਸੂਚਨਾ ਪਹੁੰਚਦੀ ਹੈ। ਲੀਗਲ ਮਾਈਨਿੰਗ ਨਾਲ ਸਰਕਾਰ ਨੂੰ ਮਾਲੀਆ ਆਵੇਗਾ। ਲੀਗਲ ਮਾਈਨਿੰਗ ਨਾਲ ਲੇਬਰ ਸਰਕਾਰ ਦੇ ਕੰਟਰੋਲ ਵਿੱਚ ਹੋਵੇਗੀ। ਮਾਈਨਿੰਗ ਨੂੰ ਮੋਨੀਟਰ ਅਸੀਂ ਕਰਾਂਗੇ।

ਸਹਾਇਕ ਵਾਤਾਵਰਣ ਇੰਜੀਨੀਅਰ, ਪੀਪੀਸੀਬੀ ਨੇ ਸੁਣਵਾਈ ਵਾਲੇ ਸਥਾਨ ਤੇ ਮੋਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਕੋਈ ਹੋਰ ਵਿਅਕਤੀ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਕੋਈ ਜਾਣਕਾਰੀ/ ਸਪਸ਼ਟੀਕਰਨ ਲੈਣਾ ਚਾਹੁੰਦਾ ਹੈ ਤਾਂ ਅੱਗੇ ਆ ਕੇ ਪੁੱਛ ਸਕਦਾ ਹੈ, ਪਰ ਕੋਈ ਅੱਗੇ ਨਹੀ ਆਇਆ। ਉਸ ਤੋ ਬਾਅਦ ਜਨਤਕ ਸੁਣਵਾਈ ਵਿੱਚ ਮੋਜੂਦ ਲੋਕਾਂ ਨੂੰ ਆਪਣੇ ਹੱਥ ਖੜੇ ਕਰਨ ਲਈ ਕਿਹਾ ਗਿਆ ਜ਼ੋ ਕਿ ਇਸ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਹਨ। 43 ਵਿਅਕਤੀਆਂ (ਕੁੱਲ ਮੋਜੂਦ ਲੋਕਾਂ ਦਾ 86 ਪ੍ਰਤੀਸ਼ਤ) ਵੱਲੋ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਆਪਣੇ ਹੱਥ ਖੜੇ ਕੀਤੇ ਗਏ। 07 ਵਿਅਕਤੀਆਂ ਨੇ ਪ੍ਰੋਜੈਕਟ ਦੇ ਨਿਰਮਾਣ ਦੇ ਵਿਰੋਧ ਵਿੱਚ ਆਪਣੇ ਹੱਥ ਖੜੇ ਕੀਤੇ। ਇਸ ਜਨਤਕ ਸੁਣਵਾਈ ਵਿੱਚ 50 ਵਿਅਕਤੀਆਂ ਵੱਲੋ ਭਾਗ ਲਿਆ ਗਿਆ।

ਜਨਤਕ ਸੁਣਵਾਈ ਸੁਪਰਵਾਈਜ਼ਰ—ਕਮ—ਪ੍ਰਜਾਈਡਿੰਗ ਅਫਸਰ ਅਤੇ ਹਾਜਰ ਵਿਅਕਤੀਆਂ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

**(ਰਾਜਪਾਲ ਗਿੱਲ)**
ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ —3, ਲੁਧਿਆਣਾ।

**(ਗੁਰਮੀਤ ਸਿੰਘ)**
ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ —3, ਲੁਧਿਆਣਾ।

**(ਗੁਰਬੀਰ ਸਿੰਘ ਕੋਹਲੀ)**
ਉਪ-ਮੰਡਲ ਮਜਿਸਟ੍ਰੇਟ,
ਜਗਰਾਓ।